ਪੰਜਾਬ ਸਰਾਕਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
(ਯੋਜਨਾ ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ,
ਡਿਪਟੀ ਕਮਿਸ਼ਨਰਜ਼।
ਪੱਤਰ ਨੰ:14/12/2009-ਪੀ3/ 1125-64
ਚੰਡੀਗੜ੍ਹ, ਮਿਤੀ 17-10-2007

ਵਿਸ਼ਾ:- ਪਲਾਨ ਸਕੀਮ ਆਰ.ਡੀ.ਓ.(ਐਸ)-7 ( ਸੀ.ਡੀ. 2.42) -ਇਨਵਾਈਰਨਮੈਂਟਲ ਇਮਪਰੂਵਮੈਂਟ ਆਫ਼ ਐਸ.ਸੀ. ਬਸਤੀਜ਼/ਵਿਲੈਜ਼ਿਜ ਵਿਦ ਸਟਰੈਸ ਆਨ ਸੈਨੀਟੇਸ਼ਨ।

-------------

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

**ਇਸ ਸਕੀਮ ਅਧੀਨ ਫੰਡਜ਼ ਹੇਠ ਲਿਖੀਆਂ ਅਗਵਾਈ ਲੀਹਾ ਅਨੁਸਾਰ ਖਰਚ ਕੀਤੇ ਜ਼ਾਣ:-**

1. ਇਸ ਸਕੀਮ ਅਧੀਨ ਜਾਰੀ ਰਾਸ਼ੀ ਵਿਚੋਂ ਕੇਵਲ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਪਰਵਿਾਰਾਂ ਦੇ ਘਰਾਂ ਵਿਚ ਹੀ ਪਖਾਨੇ/ਲੈਟਰਨੀਜ ਬਣਾਈਆਂ ਜਾਣਗੀਆਂ।
2. ਇਕ ਪਖਾਨੇ ਦੀ ਲਾਗਤ 10000/- ਰੁਪਏ ਹੋਵੇਗੀ। ਇਸ ਸਬੰਧੀ ਸੋਧਿਆ ਤਖਮੀਨਾ/ਨਕਸ਼ਾ ਪੰਚਾਇਤੀ ਰਾਜ ਦੇ ਇੰਜੀਨੀਰਿੰਗ ਵਿੰਗ ਵਲੋ ਦਿੱਤਾ ਜਾਵੇਗਾ। ਜਿਥੇ ਪਖਾਨੇ ਸੁਲੱਭ ਇੰਟਰਨੈਸ਼ਨਲ ਰਾਂਹੀਂ ਬਣਵਾਏ ਜਾਣਗੇ ਉਥੇ ਨਕਸਾ ਵੀ ਸੁਲੱਭ ਇੰਟਰਨੈਸਨਲ ਦਾ ਹੀ ਹੋਵੇਗਾ।
3. ਪਿੰਡਾਂ ਜਾਂ ਆਬਾਦੀ ਅਤੇ ਲਾਭਪਾੱਤਰਾਂ ਦੀ ਚੋਣ ਸਬੰਧਤ ਡਿਪਟੀ ਕਮਿਸ਼ਨਰ ਵਲੋਂ ਕੀਤੀ ਜਾਵੇਗੀ।
4. ਲਾਭਪਾੱਤਰਾ ਦੀ ਚੋਣ ਉਪਰੰਤ ਫੰਡਜ਼ ਪ੍ਰਾਪਤ ਹੋਣ ਉਪਰੰਤ ਪਖਾਨਿਆ ਦੀ ਉਸਾਰੀ 3 ਮਹੀਨੇ ਦੇ ਅੰਦਰ ਅੰਦਰ ਮੁਕੰਮਲ ਕੀਤੀ ਜਾਵੇਗੀ।
5. ਇੰਸ ਮੰਤਵ ਲਈ <u>ਕਾਰਜ਼ਕਾਰੀ ਏਜੰਸੀਆ ਗਰਾਮ ਪੰਚਾਇਤਾਂ ਹੋਣਗੀਆਂ। ਜੇਕਰ ਗਰਾਮ ਪੰਚਾਇਤਾਂ ਚਾਹੁਣ ਤਾਂ ਪਖਾਨਿਆਂ ਦੀ ਉਸਾਰੀ ਖੁਦ, ਪੰਚਾਇਤੀ ਰਾਜ ਵਿੰਗ ਜਾਂ ਸੁਲਬ ਇੰਨਟਰਨੇਸ਼ਲ (Sulabh International) ਰਾਹੀ ਕਰਵਾ ਸਕਦੀਆਂ ਹਨ।</u>
6. ਕਿਸੇ ਵੀ ਸ੍ਰੈਣੀ ਦੇ ਲਾਭਪਾੱਤਰ ਤੋਂ ਕੋਈ ਯੋਗਦਾਨ ਨਹੀਂ ਲਿਆ ਜਾਵੇਗਾ।
7. ਜੇਕਰ ਕਿਸੇ ਪਿੰਡ ਵਿਚ ਅਨੁਸੂਚਿਤ ਜਾਤੀ ਦੇ ਪਰਿਵਾਰ ਦੇ ਘਰ ਵਿਚ ਪਖਾਨਾ ਬਣਾਉਣ ਦੀ ਜਗਾ ਨਹੀ ਹੈ ਤਾਂ ਅਜਿਹੇ ਪਰਿਵਾਰ ਲਈ (Community Block) "ਸਮੂਹਿਕ ਬਲਾਕ ਪਖਾਨਿਆ" ਦੀ ਉਸਾਰੀ ਗ੍ਰਾਮ ਪੰਚਾਇਤ ਦੀ ਸਾਮਲਾਤ ਜਮੀਨ ਤੇ ਕੀਤੀ ਜਾਵੇਗੀ। ਇਸ ਤਰਾਂ ਬਣੇ ਪਖਾਨਿਆ ਵਿਚੋਂ ਹਰ ਪਰਿਵਾਰ ਨੂੰ ਇਕ ਪਖਾਨਾ ਪੱਕੇ ਤੌਰ ਤੇ ਅਲਾਟ ਕਰ ਦਿੱਤਾ ਜਾਵੇਗਾ। ਸਮੂਹਿਕ ਬਲਾਕ ਵਿਚ ਅਲਾਟ (Allot) ਕੀਤੇ ਪਖਾਨੇ ਅਤੇ ਘਰਾਂ ਵਿੱਚ ਬਣਾਏ ਪਖਾਨੇ ਦੀ ਸਫਾਈ ਅਤੇ ਮੁਰੰਮਤ ਦੀ ਜਿੰਮੇਵਾਰੀ ਸਬੰਧਤ ਲਾਭਪਾਤਰ ਪਰਿਵਾਰ ਦੀ ਹੋਵੇਗੀ।
8. ਵਧੀਕ ਡਿਪਟੀ ਕਮਿਸ਼ਨਰ(ਵਿਕਾਸ)/ਜਿਲਾ ਵਿਕਾਸ ਤੇ ਪੰਚਾਇਤ ਅਫਸਰ ਜਿਲੇ ਵਿਚ ਇਸ ਸਕੀਮ ਦੀ ਨਿਗਰਾਨੀ ਖੁੱਦ ਕਰਨਗੇ ਅਤੇ ਖੇਤਰੀ ਅਮਲੇ ਨੂੰ ਆਉਣ ਵਾਲੀਆਂ ਮੁਸ਼ਕਲਾਂ ਦਾ ਨਿਪਟਾਰਾ ਨਿੱਜੀ ਦਿਲਚਸਪੀ ਲੈ ਕੇ ਕਰਨਗੇ। ਉਹ ਜਿਲ੍ਹੇ ਵਿਚ ਬਣਾਏ ਜਾਣ ਵਾਲੇ ਪਖਾਨਿਆ ਦੀ ਮਹੀਨਾਵਾਰ ਪ੍ਰਗਤੀ ਰਿਪੋਰਟ ਹਰ ਮਹੀਨੇ ਦੀ 7 ਤਾਰੀਖ ਤੱਕ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਨੂੰ ਉਸ ਸਮੇ ਤੱਕ ਭੇਜਣਗੇ।
9. ਰਾਜ ਭਰ ਵਿਚ ਉਸਾਰੇ ਜਾਣ ਵਾਲੇ ਇਨ੍ਹਾਂ ਸਾਰੇ ਪਖਾਨਿਆਂ ਦੀ ਤਕਨੀਕੀ ਨਿਗਰਾਨੀ ਦੀ ਜਿੰਮਵਾਰੀ ਇੰਜੀਨੀਅਰ ਵਿੰਗ (ਪਰ) ਦੀ ਹੋਵੇਗੀ। ਪਖਾਨਿਆ ਦੀ ਉਸਾਰੀ ਦੀ 100% ਨਿੱਜੀ Inspection ਸਬੰਧਤ ਜੂਨੀਅਰ

ਇੰਜੀਨੀਅਰ 50% ਐਸ.ਡੀ.ਓ(ਪਰ) ਵਲੋਂ ਅਤੇ ਘੱਟੋ-ਘੱਟ 25% ਨਿੱਜੀ Inspection ਐਕਸੀਅਨ (ਪਰ) ਵਲੋਂ ਕੀਤੀ ਜਾਵੇਗੀ।

10. ਇਹਨਾਂ ਸੇਧਾਂ ਸਬੰਧੀ ਕਿਸੇ ਕਿਸਮ ਦਾ ਕੋਈ ਸਪੱਸ਼ਟੀਕਰਨ ਲੈਣਾ ਹੋਵੇ ਤਾਂ ਸਪਸ਼ਟੀਕਰਨ ਦੇਣ ਦੇ ਸਮਰਥ ਅਧਿਕਾਰੀ ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ ਹੋਣਗੇ।

11. ਇਹ ਹਦਾਇਤਾਂ ਪਹਿਲਾਂ ਜਾਰੀ ਕੀਤੀਆਂ ਸਾਰੀਆਂ ਹਦਾਇਤਾਂ ਦਾ ਅਧਿਲੰਘਣ (Supersede) ਕਰਨਗੀਆਂ।

ਜੇ.ਐਸ. ਸੰਧੂ, ਆਈ.ਏ.ਐਸ.
ਵਿੱਤੀ ਕਮਿਸ਼ਨਰ ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ.

ਚੰਡੀਗੜ੍ਹ, ਮਿਤੀ

ਪਿੱਠ ਅੰਕਣ ਨੰ:14/12/2009-ਪੀ3/

ਚੰਡੀਗੜ੍ਹ, ਮਿਤੀ

ਉਪਰੋਕਤ ਦਾ ਇਕ ਉਤਾਰਾ:

1. ਨਿਗਰਾਨ ਇੰਜੀਨੀਅਰ ਪੰਚਾਇਤੀ ਰਾਜ ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ 10,000/- ਰੁਪਏ ਦੀ ਲਾਗਤ ਨਾਲ ਬਣਨ ਵਾਲੇ ਪਖਾਨੇ ਦੀ ਡਰਾਇੰਗ ਤਿਆਰ ਕਰਕੇ ਡਿਪਟੀ ਕਮਿਸ਼ਨਰਜ਼ ਨੂੰ ਭੇਜੀ ਜਾਵੇ।
2. ਮਹਾ ਲੇਖਾਕਾਰ, ਪੰਜਾਬ (ਲੇਖਾ ਤੇ ਹੱਕਦਾਰੀ):
3. ਮਹਾ ਲੇਖਾਕਾਰ, ਆਡਿਟ, ਪੰਜਾਬ,
4. ਰਾਜ ਦੇ ਸਮੂਹ ਜਿਲ੍ਹਾ ਖਜਾਨਾ ਅਫ਼ਸਰ,
5. ਰਾਜ ਦੇ ਸਮੂਹ ਵਧੀਕ ਡਿਪਟੀ ਕਮਿਸ਼ਨਰ(ਵਿਕਾਸ)
6. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ,
7. ਰਾਜ ਦੇ ਸਮੂਹ ਕਾਰਜਕਾਰੀ ਇੰਜੀਨੀਅਰ ਪੰਚਾਇਤੀ ਰਾਜ
8. ਰਾਜ ਦੇ ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫਸਰਜ਼ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ ਪੰਚਾਇਤ